# ਈਪੈਕ ਵਿਚ ਸਾਡੀ ਖੋਜ Our Research at EPAC

*ਗਰਭ ਦੀ ਪਹਿਲੀ ਤਿਮਾਹੀ ਦੌਰਾਨ ਗਰਭਪਾਤ ਦੀ ਸਮੱਸਿਆ ਦੀ ਸਮਝ ਨੂੰ ਬਿਹਤਰ ਬਣਾਉਣ ਲਈ ਅਸੀਂ ਸਰਗਰਮੀ ਨਾਲ ਸ਼ਾਮਲ ਹਾਂ। ਇਸ ਵਿਚ ਤੁਹਾਡਾ ਹਿੱਸਾ ਲੈਣਾ ਗਰਭ ਦੇ ਸ਼ੁਰੂਆਤੀ ਨੁਕਸਾਨ ਦਾ ਸਾਹਮਣਾ ਕਰ ਰਹੇ ਹੋਰ ਲੋਕਾਂ ਦੀ ਮਦਦ ਕਰ ਸਕਦਾ ਹੈ।*

ਸਾਡਾ ਹਸਪਤਾਲ ਸਿਖਿਆ ਦੇਣ ਅਤੇ ਖੋਜ ਵਾਲਾ ਹੈ ਅਤੇ ਅਸੀਂ ਆਪਣੇ ਮਰੀਜ਼ਾਂ ਦੀ ਸਿਹਤ, ਦੇਖਭਾਲ ਅਤੇ ਸੁਰੱਖਿਆ ਵਿਚ ਸੁਧਾਰ ਲਈ ਵਚਨਬੱਧ ਹਾਂ। ਨਵਾਂ ਗਿਆਨ ਪੈਦਾ ਕਰਨ ਦਾ ਪ੍ਰਭਾਵੀ ਤਰੀਕਾ ਹਸਪਤਾਲ ਵਿਚ ਮਰੀਜ਼ਾਂ ਦੇ ਦੌਰਿਆਂ ਦੌਰਾਨ ਇਕੱਠੇ ਕੀਤੇ ਡੇਟਾ ਨੂੰ ਇੱਕ ਇੰਟਰਐਕਟਿਵ ਡੇਟਾਬੇਸ ਵਿਚ ਸੰਗਠਤ ਅਤੇ ਸਟੋਰ ਕਰਨਾ ਹੈ। ਇਸ ਨੂੰ ਡੇਟਾ ਰਜਿਸਟਰੀ ਕਹਿੰਦੇ ਹਨ। ਗਰਭ ਦੀ ਪਹਿਲੀ ਤਿਮਾਹੀ ਦੌਰਾਨ ਲੋਕਾਂ ਦੀਆਂ ਪੇਚੀਦਗੀਆਂ ਦੇ ਨਤੀਜਿਆਂ ਦੇ ਤਜਰਬਿਆਂ ਬਾਰੇ ਆਪਣੇ ਗਿਆਨ ਦੇ ਸੁਧਾਰ ਲਈ, ਗਰਭ ਦੇ ਸ਼ੁਰੂ ਵਿਚ ਮੁਲਾਂਕਣ ਕਰਨ ਵਾਲਾ ਕਲੀਨਿਕ (ਅਰਲੀ ਪ੍ਰੈਗਨੈਂਸੀ ਅਸੈਸਮੈਂਟ ਕਲੀਨਿਕ) ਦੁਆਰਾ ਦੇਖੇ ਗਏ ਸਾਰੇ ਨਵੇਂ ਮਰੀਜ਼ ਈਪੈਕ ਡੇਟਾ ਰਜਿਸਟਰੀ ਨੂੰ ਖੋਜ ਦੇ ਉਦੇਸ਼ ਲਈ ਪਹਿਚਾਣ ਰਹਿਤ ਜਾਣਕਾਰੀ ਪ੍ਰਦਾਨ ਕਰ ਰਹੇ ਹਨ; ਅਸੀਂ ਤੁਹਾਡੇ ਮਿਲਵਰਤਨ ਦੀ ਸ਼ਲਾਘਾ ਕਰਦੇ ਹਾਂ। ਜੇ ਚਾਹੁਣ ਤਾਂ ਸਾਰੇ ਮਰੀਜ਼ ਇਸ ਵਿਚ ਸ਼ਾਮਲ ਹੋਣ ਤੋਂ ਬਾਹਰ ਹੋ ਸਕਦੇ ਹਨ।

*ਈਪੈਕ ਡੇਟਾ ਰਜਿਸਟਰੀ ਕੀ ਹੈ? What is the EPAC Data Registry?*

ਈਪੈਕ ਡੇਟਾ ਰਜਿਸਟਰੀ ਵਿਚ ਮਰੀਜ਼ ਦੇ ਚਾਰਟ ਤੋਂ ਜਾਣਕਾਰੀ ਲਈ ਜਾਂਦੀ ਹੈ ਜਿਸ ਵਿਚ ਮਰੀਜ਼ ਦੀ ਪਹਿਚਾਣ ਬਾਰੇ ਜਾਣਕਾਰੀ ਨਹੀਂ ਹੁੰਦੀ। ਗਰਭ ਦੀ ਪਹਿਲੀ ਤਿਮਾਹੀ ਵਿਚ ਪੈਦਾ ਹੋਈਆਂ ਪੇਚੀਦਗੀਆਂ ਨੂੰ ਬਿਹਤਰ ਤਰੀਕੇ ਨਾਲ ਸਮਝਣ ਦੇ ਨਿਸ਼ਾਨੇ ਲਈ ਰਜਿਸਟਰੀ ਸਾਨੂੰ ਇਨ੍ਹਾਂ ਬਾਰੇ ਬਿਹਤਰ ਜਾਣਕਾਰੀ ਦੇਵੇਗੀ:

- ਮਰੀਜ਼ ਦੀਆਂ ਵਿਸ਼ੇਸ਼ਤਾਵਾਂ;
- ਮਰੀਜ਼ ਦੀਆਂ ਪੇਚੀਦਗੀਆਂ;
- ਮਰੀਜ਼ ਦੇ ਨਤੀਜੇ;
- ਇਕੱਠੀ ਕੀਤੀ ਜਾਣਕਾਰੀ ਵਿਚਕਾਰ ਸਬੰਧ;
- ਅਲਟ੍ਰਾ ਸਾਊਂਡ ਦੇ ਨਿਰਨਿਆਂ ਅਤੇ ਮਰੀਜ਼ ਦੇ ਨਤੀਜਆਂ ਵਿਚਕਾਰ ਸਬੰਧ।

*ਈਪੈਕ ਡੇਟਾ ਰਜਿਸਟਰੀ ਦਾ ਕੀ ਮੰਤਵ ਹੈ? What is the purpose of the EPAC Data Registry?*

ਇਸ ਦਾ ਮੰਤਵ ਬ੍ਰਿਟਿਸ਼ ਕੋਲੰਬੀਆ ਵਿਚ ਗਰਭ ਦੀ ਪਹਿਲੀ ਤਿਮਾਹੀ ਦੌਰਾਨ ਦਰਪੇਸ਼ ਆਈਆਂ ਪੇਚੀਦਗੀਆਂ ਦੇ ਤਜਰਬੇ ਨੂੰ ਇਕੱਠਾ ਕਣਨਾ ਹੈ। ਇਹ ਭਵਿੱਖ ਦੀ ਖੋਜ ਵਿਚ ਮਦਦ ਕਰੇਗਾ ਅਤੇ ਆਪਣੇ ਮਰੀਜ਼ਾਂ ਦੀ ਦੇਖਭਾਲ ਕਰਨ ਵਿਚ ਸੁਧਾਰ ਲਈ ਨਿਰੰਤਰ ਉਤਸ਼ਾਹਿਤ ਕਰੇਗਾ। ਸਿਰਫ਼ ਰਜਿਸਟਰੀ ਵਿਚ ਹਿੱਸਾ ਲੈਣ ਦੇ ਅਧਾਰ ਤੇ ਖੋਜਕਰਤਾ ਭਵਿੱਖ ਵਿਚ ਤੁਹਾਨੂੰ ਸੰਪਰਕ ਨਹੀਂ ਕਰਨਗੇ।

*ਬਾਹਰ ਨਿਕਲਣ ਦਾ ਕੀ ਮਤਲਬ ਹੈ? What does opting-out mean?*

ਜੇ ਕੋਈ ਮਰੀਜ਼ ਈਪੈਕ ਡੇਟਾ ਰਜਿਸਟਰੀ ਤੋਂ ਬਾਹਰ ਰਹਿਣਾ ਚਾਹੇ, ਤਾਂ ਇਸ ਦਾ ਮਤਲਬ ਹੋਵੇਗਾ ਕਿ ਉਹ ਆਪਣੀ ਜਾਣਕਾਰੀ ਸਾਂਝੀ ਨਹੀਂ ਕਰਨੀ ਚਾਹੁੰਦਾ। ਜੋ ਵੀ ਡੇਟਾ ਇਕੱਠਾ ਕੀਤਾ ਗਿਆ ਹੈ ਉਹ ਡੇਟਾ ਰਜਿਸਟਰੀ ਤੋਂ ਹਟਾ ਦਿੱਤਾ ਜਾਏਗਾ ਅਤੇ ਭਵਿੱਖ ਵਿਚ ਕੋਈ ਡੇਟਾ ਇਕੱਠਾ ਨਹੀਂ ਕੀਤਾ ਜਾਏਗਾ।

ਅਸੀਂ ਤੁਹਾਡੇ ਡੇਟੇ ਦੀ ਵਰਤੋਂ ਨੈਤਿਕ ਪਾਲਸੀ/ਗਾਈਡੈਂਸ ਅਤੇ ਕਾਨੂੰਨ ਦੀ ਆਗਿਆ ਅਨੁਸਾਰ ਕਰਦੇ ਹਾਂ। ਬੀ.ਸੀ. ਵਿਚ ਤੁਹਾਡੀ ਨਿਜੀ ਜਾਣਕਾਰੀ ਬੀ.ਸੀ. ਫ਼ਰੀਡਮ ਆਫ਼ ਇਨਫ਼ਰਮੇਸ਼ਨ ਐਂਡ ਪ੍ਰੋਟੈਕਸ਼ਨ ਐਕਟ ("FIPPA") ਅਨੁਸਾਰ ਸੁਰੱਖਿਅਤ ਹੈ। ਜੇ ਤੁਸੀਂ ਹੋਰ ਜ਼ਿਆਦਾ ਜਾਣਨਾ ਚਾਹੁੰਦੇ ਹੋ ਜਾਂ ਖੋਜ ਪ੍ਰਕਿਰਿਆ ਤੋਂ ਬਾਹਰ ਹੋਣਾ ਚਾਹੁੰਦੇ ਹੋ

ਤਾਂ ਤੁਸੀਂ ਬਿਨਾਂ ਝਿਜਕ ਖੋਜ ਟੀਮ ਨੂੰ 604-875-2424 ext. 4685 ਜਾਂ epacresearch@cw.bc.ca ਤੇ ਸੰਪਰਕ ਕਰ ਸਕਦੇ ਹੋ।